# 13

## ਸਵਾਲ:

# ''ਭਲਾ ਕਲੀਸੀਆ ਦੇ ਲੋਕਾਂ ਨੂੰ ਇਕ ਹੋਣਾ ਚਾਹੀਦਾ ਹੈ?''

## ਜਵਾਬ:

ਯੂਹੰਨਾ 17 ਅਧਿਆਇ ਵਿਚ ਯਿਸੂ ਨੇ ਉਨ੍ਹਾਂ ਸਭ ਲੋਕਾਂ ਦੇ ਇਕ ਹੋਣ ਲਈ ਦੁਆ ਕੀਤੀ ਜਿਨ੍ਹਾਂ ਨੇ ਉਸ ਦੀ ਗੱਲ ਨੂੰ ਮੰਨ ਕੇ ਉਸ ਦੇ ਮਗਰ ਚੱਲਣਾ ਸੀ: ''ਮੈਂ ਨਿਰਾ ਇਨ੍ਹਾਂ ਹੀ ਲਈ ਬੇਨਤੀ ਨਹੀਂ ਕਰਦਾ ਪਰ ਉਨ੍ਹਾਂ ਲਈ ਵੀ ਜਿਹੜੇ ਇਨ੍ਹਾਂ ਦੇ ਵਚਨ ਨਾਲ ਮੇਰੇ ਉੱਤੇ ਨਿਹਚਾ ਕਰਨਗੇ। ਜੋ ਓਹ ਸਭ ਇੱਕੋ ਹੋਣ ਜਿਸ ਤਰ੍ਹਾਂ, ਹੇ ਪਿਤਾ, ਤੂੰ ਮੇਰੇ ਵਿਚ ਅਤੇ ਮੈਂ ਤੇਰੇ ਵਿਚ ਹਾਂ ਜੋ ਓਹ ਵੀ ਸਾਡੇ ਵਿਚ ਹੋਣ ਤਾਂ ਜੋ ਜਗਤ ਸਤ ਮੰਨੇ ਭਈ ਤੈਂ ਮੈਨੂੰ ਘੱਲਿਆ'' (ਆਇਤਾਂ 20, 21)। ਕੁਰਿੰਥੁਸ ਦੇ ਮਸੀਹੀ ਲੋਕਾਂ ਦੇ ਨਾਂਅ ਚਿੱਠੀ ਲਿਖਦਿਆਂ ਪੌਲੁਸ ਨੇ ਉਨ੍ਹਾਂ ਵਿਚ ਏਕਤਾ ਦੀ ਗੱਲ ਲਿਖੀ।

### ਅਸੀਂ ਭਾਈ ਹਾਂ

ਪੌਲੁਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਇਹ ਸਮਝਣ ਵਿਚ ਮਦਦ ਕਰਨ ਲਈ ਕਿ ਉਨ੍ਹਾਂ ਦਾ ਇਕ ਦੂਜੇ ਨਾਲ ਕਿਹੋ ਜਿਹਾ ਸਬੰਧ ਹੋਣਾ ਚਾਹੀਦਾ ਹੈ ਕਈ ਸ਼ਬਦਾਂ ਦੀ ਵਰਤੋਂ ਕੀਤੀ। ਖ਼ੁਦਾ ਦੇ ਸਾਹਮਣੇ ਪਵਿੱਤਰ ਜੀਵਨ ਜੀਣ ਲਈ ਪਾਪ ਵਿੱਚੋਂ ਸੱਦੇ ਹੋਣ ਦੇ ਸਬੰਧ ਵਿਚ ਉਨ੍ਹਾਂ ਨੂੰ ਸੰਤ ਜਾਂ ਪਵਿੱਤਰ ਲੋਕ ਆਖਿਆ ਗਿਆ (1 ਕੁਰਿੰਥੀਆਂ 1:2)। ਇਕ ਦੂਜੇ ਦੇ ਭਾਗ ਹੋਣ ਦੇ ਸਬੰਧ ਵਿਚ ਉਨ੍ਹਾਂ ਨੂੰ ਇੱਕੋ ਦੇਹ ਦੇ ਅੰਗ ਕਿਹਾ ਗਿਆ (1 ਕੁਰਿੰਥੀਆਂ 12:12, 27)। ਸਭ ਤੋਂ ਵੱਧ ਵਾਰ ਵਰਤੀ ਜਾਣ ਵਾਲੀ ਵਿਆਖਿਆ ਇਹ ਸੀ ਕਿ ਉਹ ਇੱਕੋ ਪਰਿਵਾਰ ਦੇ ਲੋਕ ਹਨ ਅਤੇ ਇਸ ਕਰਕੇ ਆਪਸ ਵਿਚ ਭਾਈ ਹਨ। ਇਸ ਤਰ੍ਹਾਂ ਉਸ ਨੇ ਉਨ੍ਹਾਂ ਨੂੰ ਘੱਟੋ ਘੱਟ ਵੀਹ ਵਾਰ ਸੰਬੋਧਨ ਕੀਤਾ (1:10, 11, 26; 2:1; 3:1; 4:6; 7:24, 29; 10:1; 11:33; 12:1; 14:6, 20, 26, 39; 15:1, 31, 50, 58; 16:15)। ਉਸ ਨੇ ਉਨ੍ਹਾਂ ਨੂੰ ਇਹ ਵੀ ਦੱਸਿਆ ਕਿ ਜੀ ਉੱਠਿਆ ਮਸੀਹ ''ਕੁਝ ਉੱਪਰ ਪੰਜ ਸੌ ਭਾਈਆਂ ਨੂੰ ਇੱਕੋ ਵਾਰੀ'' ਵਿਖਾਈ ਦਿੱਤਾ ਸੀ (1 ਕੁਰਿੰਥੀਆਂ 15:6), ਅਤੇ ਅਫ਼ਸੁਸ ਦੇ ਰਹਿਣ ਵਾਲੇ ''ਸਾਰੇ ਭਰਾ'' ਆਪਣੇ ਕੁਰਿੰਥੀ ਭਾਈਆਂ ਨੂੰ ਸਲਾਮ ਭੇਜਦੇ ਹਨ (1 ਕੁਰਿੰਥੀਆਂ 16:20)।

ਕੁਰਿੰਥੁਸ ਵਿਚ ਰਹਿਣ ਵਾਲੇ ਭਾਈ ਇੱਕੋ ਹੀ ਦੁਨਿਆਵੀ ਪਰਿਵਾਰ ਵਿੱਚੋਂ ਨਹੀਂ ਸਨ। ਪੌਲੁਸ ਨੇ ''ਪ੍ਰਭੂ ਦੇ ਭਰਾ'' (1 ਕੁਰਿੰਥੀਆਂ 9:5) ਦੀ ਗੱਲ ਕਰਕੇ ਦੁਨਿਆਵੀ ਪਰਿਵਾਰ ਦੀ ਹੀ ਗੱਲ ਕੀਤੀ ਸੀ। ਪੌਲੁਸ ਦੇ ਧਿਆਨ ਵਿਚ ਯੂਸੁਫ਼ ਅਤੇ ਮਰੀਅਮ ਦੇ ਪਰਿਵਾਰ ਵਿੱਚੋਂ ਯਿਸੂ ਦੇ ਮਤਰਏ ਭਰਾ ''ਯਾਕੂਬ ਅਰ ਯੋਸੇਸ ਅਰ ਯਹੂਦਾਹ ਅਰ ਸ਼ਮਊਨ'' ਸਨ (ਮਰਕੁਸ 6:3)। ਪੌਲੁਸ ਨੂੰ ਲੱਗਾ ਕਿ ਕੁਰਿੰਥੁਸ ਵਿਚ ਖ਼ੁਦਾ ਦੇ ਰੂਹਾਨੀ ਪਰਿਵਾਰ ਦੇ ਸਬੰਧ ਵਿਚ ਸੁਝਾਅ ਦੇਣ ਲਈ ਦੁਨਿਆਵੀ ਪਰਿਵਾਰ

ਵਿਚ ਪਾਏ ਜਾਣ ਵਾਲੇ ਰਿਸ਼ਤੇ ਨਾਲ ਬੇਹਤਰ ਢੰਗ ਨਾਲ ਸਮਝਾਇਆ ਜਾ ਸਕਦਾ ਹੈ।

ਇਕ ਖ਼ਾਨਦਾਨ ਦੇ ਪਰਿਵਾਰ ਹੋਣ (ਜਿਵੇਂ ਯੂਸੁਫ਼ ਅਤੇ ਮਰੀਅਮ ਅਤੇ ਉਨ੍ਹਾਂ ਦੇ ਬੱਚਿਆਂ ਦੇ) ਤੋਂ ਵੀ ਵੱਡਾ ਖ਼ਿਆਲ ਕਿਸੇ ਦੇ ਖ਼ੁਦਾ ਦੇ ਪਰਿਵਾਰ ਦਾ ਹੋਣ ਦਾ ਹੈ। ਹਰ ਯਹੂਦੀ ਇਕ ਆਦਮੀ ਅਬਰਾਹਾਮ ਨੂੰ ਆਪਣੇ ਮੂਲ ਪੁਰਖ ਦੇ ਰੂਪ ਵਿਚ ਵੇਖਦਾ ਸੀ (ਮੱਤੀ 3:9)। ਜਦ ਹਨੱਨਿਯਾਹ ਨੇ ਸੌਲੁਸ ਨੂੰ ''ਭਾਈ'' (ਰਸੂਲਾਂ ਦੇ ਕੰਮ 9:17) ਆਖਿਆ ਤਾਂ ਉਹ ਕੌਮੀਅਤ ਦੇ ਸਬੰਧ ਵਿਚ ਪਰਿਵਾਰਿਕ ਸ਼ਬਦ ਦ ਵਰਤ ਰਿਹਾ ਸੀ। ਸੌਲੁਸ ਹਨੱਨਿਯਾਹ ਦਾ ਇਬਰਾਨੀ ਭਾਈ ਸੀ ਅਤੇ ਬਪਤਿਸਮਾ ਲੈਣ ਦੇ ਬਾਅਦ ਉਹ ਪ੍ਰਭੂ ਵਿਚ ਹਨੱਨਿਯਾਹ ਦਾ ਭਾਈ ਬਣ ਗਿਆ ਸੀ।

## ਅਸੀਂ ਰੂਹਾਨੀ ਪਰਿਵਾਰ ਹਾਂ

ਪਵਿੱਤਰ ਆਤਮਾ ਨੂੰ ਮਸੀਹੀ ਲੋਕਾਂ ਨੂੰ ਇਕ ਰੂਹਾਨੀ ਪਰਿਵਾਰ ਬਣਨ, ਮਨੁੱਖ ਦੇ ਸੁਭਾਵਕ ਪਰਿਵਾਰ ਦੇ ਨਮੂਨੇ ਤੇ ਬਣਨ ਅਤੇ ਫਿਰ ਕੌਮੀ ਪਰਿਵਾਰ ਬਣਨ ਲਈ ਕਹਿਣਾ ਚੰਗਾ ਲੱਗਾ। ਕੋਈ ਵੀ ਨਮੂਨਾ ਬੇਨੁਕਸ ਨਹੀਂ ਹੈ, ਪਰ ਇਸ ਰੂਪਕ ਦਾ ਕਾਫ਼ੀ ਅਰਥ ਹੈ। ਰੂਹਾਨੀ ਪਰਿਵਾਰ ਵਿਚ ਖ਼ੁਦਾ ਦੀ ਪਤਨੀ ਦੇ ਰੂਪ ਵਿਚ ਕੋਈ ਮਾਂ ਨਹੀਂ ਹੁੰਦੀ, ਪਰ ਪਿਤਾ (1 ਯੂਹੰਨਾ 3:1), ਵੱਡਾ ਭਰਾ (ਰੋਮੀਆਂ 8:29), ਅਤੇ ਭਾਈ ਅਤੇ ਭੈਣਾਂ ਜ਼ਰੂਰ ਹੰਦੇ ਹਨ (ਇਬਰਾਨੀਆਂ 2:11)।

ਰੂਹਾਨੀ ਤੌਰ ਤੇ, ਪਾਪੀਆਂ ਨੂੰ ਪਰਮੇਸ਼ੁਰ ਪਿਤਾ ਵੱਲੋਂ (ਯਾਕੂਬ 1:18) ਵਚਨ ਦੇ ਰਾਹੀਂ (1 ਪਤਰਸ 1:23), ਦੂਜੀ ਵਾਰ ਜਲ ਅਤੇ ਆਤਮਾ ਤੋਂ ਜਨਮ ਲੈਣ ਕਰਕੇ (ਯੂਹੰਨਾ 3:5) ਜਨਮ ਦਿੱਤਾ ਗਿਆ ਹੈ। ਉਹ ਉਸ ਵੱਡੇ ਭਾਈ ਦੇ ਭਰਾ ਅਤੇ ਭੈਣਾਂ ਬਣ ਜਾਂਦੇ ਹਨ (ਅਤੇ ਉਹ ਉਨ੍ਹਾਂ ਤੋਂ ਸ਼ਰਮਾਉਂਦਾ ਨਹੀਂ; ਇਬਰਾਨੀਆਂ 2:11)।

## ਅਸੀਂ ਪ੍ਰੇਮ ਵਿਚ ਇਕ ਦੂਜੇ ਨਾਲ ਜੁੜੇ ਹਾਂ

ਜਿਵੇਂ ਇਕ ਮਜ਼ਬੂਤ ਦੁਨਿਆਵੀ ਪਰਿਵਾਰ ਭਾਈਚਾਰੇ ਦੇ ਪ੍ਰੇਮ ਦਾ ਅਨੰਦ ਮਾਣਦਾ ਹੈ ਉਵੇਂ ਹੀ ਖ਼ੁਦਾ ਨੇ ਆਪਣੇ ਰੂਹਾਨੀ ਪਰਿਵਾਰ ਲਈ ਭਾਈਆਂ ਦੇ ਪ੍ਰੇਮ ਦਾ ਅਨੰਦ ਮਾਣਨ ਦੀ ਯੋਜਨਾ ਬਣਾਈ ਸੀ। ਯੂਨਾਨੀ ਸ਼ਬਦ *ਫਿਲਾਡੈਲਫ਼ੀਆ* ਜਿਸ ਦਾ ਮਤਲਬ ''ਭਾਈਚਾਰੇ ਦੀ ਪ੍ਰੀਤ'' ਹੈ, ਉਸ ਸ਼ਹਿਰ ਦਾ ਨਾਂਅ ਸੀ ਜਿੱਥੇ ਅਸੀਆ ਦੀਆਂ ਸੱਤ ਕਲੀਸੀਆਵਾਂ ਵਿੱਚੋਂ ਇਕ ਕਲੀਸੀਆ ਸੀ (ਪ੍ਰਕਾਸ਼ ਦੀ ਪੋਥੀ 3:7), ਅਤੇ ਇਸ ਨਾਂਅ ਨੂੰ ਅਮਰੀਕੀ ਮਹਾਂ ਨਗਰ ਵੱਲੋਂ ''ਭਾਈਚਾਰੇ ਦੀ ਪ੍ਰੀਤ ਦਾ ਸ਼ਹਿਰ'' ਦੇ ਰੂਪ ਵਿਚ ਅਪਣਾਇਆ ਗਿਆ ਹੈ। ਹੈਰਾਨੀ ਵਾਲੀ ਗੱਲ ਨਹੀ ਹੈ ਕਿ ਪਵਿੱਤਰ ਆਤਮਾ ਨੂੰ *ਫਿਲਾਡੈਲਫ਼ੀਆ* ਬਾਰੇ ਕਾਫ਼ੀ ਕੁਝ ਲਿਖਣਾ ਸੀ:

> ਭਰੱਪਣ ਦੇ ਪ੍ਰੇਮ *[ਫ਼ਿਲਾਡੈਲਫ਼ੀਆ]* ਵਿਚ ਇਕ ਦੂਏ ਨਾਲ ਗੂੜ੍ਹਾ ਹਿੱਤ ਰੱਖੋ, ਆਦਰ ਵਿਚ ਦੂਏ ਨੂੰ ਚੰਗਾ ਸਮਝੋ (ਰੋਮੀਆਂ 12:10)।

> ਪਰ *ਭਰੱਪਣ ਦੇ ਪ੍ਰੇਮ [ਫ਼ਿਲਾਡੈਲਫ਼ੀਆ]* ਦੇ ਵਿਖੇ ਤੁਹਾਨੂੰ ਕੁਝ ਲਿਖਣ ਦੀ ਲੋੜ ਨਹੀਂ ਕਿਉਂ ਜੋ ਤੁਸੀਂ ਆਪ ਇਕ ਦੂਏ ਨਾਲ ਪ੍ਰੇਮ ਕਰਨ ਨੂੰ ਪਰਮੇਸ਼ੁਰ ਦੇ ਸਿਖਾਏ ਹੋਏ ਹੋ। ਤੁਸੀਂ ਤਾਂ ਉਨ੍ਹਾਂ ਸਭਨਾਂ ਭਾਈਆਂ ਨਾਲ ਜਿਹੜੇ ਸਾਰੇ ਮਕਦੂਨੀਆ ਵਿਚ ਹਨ ਅਜਿਹਾ ਹੀ ਕਰਦੇ ਭੀ ਹੋ। ... (1 ਥੱਸਲੁਨੀਕੀਆਂ 4:9–11)।

> *ਭਰੱਪਣ ਦਾ ਪ੍ਰੇਮ [ਫ਼ਿਲਾਡੈਲਫ਼ੀਆ]* ਬਣਿਆ ਰਹੇ (ਇਬਰਾਨੀਆਂ 13:1)।

ਤੁਸਾਂ ਜੋ ਸਤ ਦੇ ਅਧੀਨ ਹੋ ਕੇ ਆਪਣੀਆਂ ਜਾਨਾਂ ਨੂੰ *ਭਰੱਪਣ* ਦੇ ਨਿਸ਼ਕਪਟ *ਪ੍ਰੇਮ [ਫ਼ਿਲਾਡੈਲਫ਼ੀਆ]* ਲਈ ਪਵਿੱਤਰ ਕੀਤਾ ਹੈ ਤਾਂ ਤਨੋਂ ਮਨੋਂ ਹੋ ਕੇ ਇਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ (1 ਪਤਰਸ 1:22)।

## ਸਾਨੂੰ ਏਕਤਾ ਦਾ ਖਹਿੜਾ ਕਰਨਾ ਜ਼ਰੂਰੀ ਹੈ

### ਏਕਤਾ ਦਾ ਹੋਣਾ ਸੁੱਖਦਾਈ ਅਤੇ ਚੰਗਾ ਹੈ

ਵੇਖੋ, ਕਿੰਨਾ ਚੰਗਾ ਤੇ ਸੋਹਣਾ ਹੈ ਭਈ ਭਰਾ ਮਿਲ ਜੁਲ ਕੇ ਵੱਸਣ!
ਇਹ ਉਸ ਖਾਲਸ ਤੇਲ ਦੀ ਨਿਆਈਂ ਹੈ,
ਜਿਹੜਾ ਸਿਰ ਉਤੇ ਚੋ ਕੇ ਦਾੜ੍ਹੀ ਉੱਤੇ,
ਅਰਥਾਤ ਹਾਰੂਨ ਦੀ ਦਾੜ੍ਹੀ ਉੱਤੇ ਉਤਰਿਆ,
ਅਤੇ ਉਸ ਦੀ ਪੁਸ਼ਾਕ ਦੀ ਕੋਰ ਤੀਕ ਪੁੱਜਿਆ।
ਹਰਮੋਨ ਦੀ ਤਰੇਲ ਦੀ ਨਿਆਈਂ,
ਜੋ ਸਿਓਨ ਦੇ ਪਹਾੜ ਉੱਤੇ ਚੋਂਦੀ ਹੈ,
ਤਾਂ ਈ ਉੱਥੇ ਯਹੋਵਾਹ ਨੇ ਬਰਕਤ ਦਾ,
ਅਰਥਾਤ ਸਦੀਪਕ ਜੀਵਨ ਦਾ ਹੁਕਮ ਦਿੱਤਾ ਹੈ (ਜ਼ਬੂਰ 133:1–3)।

ਸਾਡੇ ਲਈ ਕੁਝ ਚੀਜ਼ਾਂ ਚੰਗੀਆਂ ਤਾਂ ਹੁੰਦੀਆਂ ਹਨ ਪਰ ਮਜ਼ੇਦਾਰ ਨਹੀਂ: ਉਦਾਹਰਣ ਲਈ, ਕੰਮ (ਵੇਖੋ ਤੀਤੁਸ 3:14) ਅਤੇ ਅਨੁਸ਼ਾਸਨ (ਕਹਾਉਤਾਂ 13:24; ਇਬਰਾਨੀਆਂ 12:11)। ਕੁਝ ਚੀਜ਼ਾਂ ਮਜ਼ਾ ਤਾਂ ਦਿੰਦੀਆਂ ਹਨ ਪਰ ਸਾਡੇ ਲਈ ਚੰਗੀਆਂ ਨਹੀਂ ਹੁੰਦੀਆਂ, ਜਿਵੇਂ ''ਪਾਪ ਦਾ ਭੋਗ ਵਿਲਾਸ'' (ਇਬਰਾਨੀਆਂ 11:25), ਲੋੜ ਤੋਂ ਵੱਧ ਸੌਣਾ, ਅਤੇ ਲੋੜ ਤੋਂ ਵੱਧ ਖਾਣਾ (ਕਹਾਉਤਾਂ 6:10, 11; 23:21)। ਕਿਸੇ ਨੇ ਕਿਹਾ ਹੈ ਕਿ ਜਿਸ ਵੀ ਚੀਜ਼ ਦਾ ਉਹਦੇ ਕੋਲ ਸੁੱਖ ਹੈ ਜਾਂ ਤਾਂ ਉਹ ਗੈਰ ਕਾਨੂੰਨੀ, ਨਜਾਇਜ਼ ਹੈ ਜਾਂ ਫਿਰ ਚਰਬੀ ਵਧਾਉਣ ਵਾਲਾ! ਇਕ ਚੀਜ਼ ਇੱਕੋ ਹੀ ਵੇਲੇ ਮਜ਼ੇਦਾਰ ਅਤੇ ਚੰਗੀ ਵੀ ਹੈ ਅਤੇ ਉਹ ਹੈ ਦਿਲੋ ਜਾਨ ਨਾਲ ਭਾਈਆਂ ਨਾਲ ਮਿਲ ਕੇ ਰਹਿਣਾ।

ਏਕਤਾ ਤੋਂ ਮਿਲਣ ਵਾਲੇ ਸੁੱਖ ਨੂੰ ਸਮਝਣ ਲਈ, ਪਵਿੱਤਰ ਆਤਮਾ ਨੇ ਮੁਰ, ਖੁਸ਼ਬੂਦਾਰ ਦਾਲਚੀਨੀ, ਖੁਸ਼ਬੂਦਾਰ ਕੁਸ਼ਾ, ਸ਼ਕਲ, ਜੈਤੂਨ ਦਾ ਤੇਲ ਮਿਲੇ ਖੁਸ਼ਬੂਦਾਰ ਤੇਲ ਦੀ ਉਦਾਹਰਣ ਵਰਤੀ (ਕੂਚ 30:23–33)। ਇਹ ਮਿਸ਼ਰਣ ''ਗਾਂਧੀ ਦੀ ਕਾਰੀਗਰੀ ਦਾ ਮਿਲਿਆ ਹੋਇਆ, ਕਾਰੀਗਰੀ ਦਾ, ਮਸਹ ਦਾ ਪਵਿੱਤਰ ਤੇਲ'' ਹੋਣਾ ਸੀ। ਯਾਜਕ ਤੋਂ ਛੁੱਟ ਕਿਸੇ ਹੋਰ ਨੂੰ ਇਸ ਮਸਹ ਦੀ ਇਜਾਜ਼ਤ ਨਹੀਂ ਸੀ। ਹਰ ਯਾਜਕ ਚੋਂ ਨਿਕਲਣ ਵਾਲੀ ਖੁਸ਼ਬੂਦਾਰ ਮਹਿਕ ਦੀ ਤੁਲਨਾ ਭਾਈਚਾਰੇ ਦੀ ਏਕਤਾ ਦੀ ਮਹਿਕ ਨਾਲ ਕੀਤੀ ਜਾ ਸਕਦੀ ਸੀ।

ਦਾਊਦ ਨੇ ਭਾਈਚਾਰੇ ਦੀ ਏਕਤਾ ਦੀ ਅਹਿਮੀਅਤ ਨੂੰ ਸਮਝਾਉਣ ਲਈ ਇਕ ਹੋਰ ਉਦਾਹਰਣ ਵਰਤੀ ਹੈ: ਜਦ ਹਰਮੋਨ ਪਹਾੜ (9,200 ਫੁੱਟ ਉੱਚਾ) ਦੀ ਬਰਫ਼ ਪਿਘਲ ਕੇ, 120 ਮੀਲ ਦੱਖਣ ਵੱਲ ਨੂੰ ਜਾ ਕੇ ਸਿਓਨ ਪਹਾੜ (2,500 ਫੁੱਟ ਉੱਚਾ) ਉੱਤੇ ਤਰੇਲ ਬਣ ਕੇ ਡਿੱਗਦੀ ਸੀ। ਯਰੂਸ਼ਲਮ ਦੇ ਰਹਿਣ ਵਾਲੇ ਯਹੂਦੀ ਬਗੀਚਿਆਂ ਅਤੇ ਫੁੱਲਾਂ ਉੱਤੇ ਡਿੱਗੀ ਤਰੇਲ ਨੂੰ ਵੇਖ ਕੇ ਖੁਸ਼ੀ ਜਤਾਉਂਦੇ ਸਨ। ਸਹੀ ਸੋਚ ਵਾਲੇ ਕਿਸੇ ਵੀ ਬੰਦੇ ਨੂੰ ਭਾਈਆਂ ਨੂੰ ਇਕੱਠਿਆਂ ਰਹਿੰਦੇ ਅਤੇ ਕੰਮ ਕਰਦਿਆਂ ਵੇਖ ਕੇ ਇਵੇਂ ਹੀ ਖੁਸ਼ ਹੋਣਾ ਚਾਹੀਦਾ ਹੈ।

*ਲੜਾਈ ਮਾੜੀ ਹੈ*

ਭਾਈਆਂ ਦੇ ਇਕੱਠੇ ਹੋ ਕੇ ਰਹਿਣ ਅਤੇ ਕੰਮ ਕਰਨ ਵਿਚ ਨਾਕਾਮੀ ਨੂੰ ਕੈਨ ਦੇ ਆਪਣੇ ਭਰਾ ਦਾ

ਕਤਲ ਕਰਨ ਅਤੇ ਵੀਹ ਸਾਲਾਂ ਦੇ ਇਸਮਾਇਲ ਵੱਲੋਂ ਆਪਣੇ ਭਰਾ ਦੇ ਦੁੱਧ ਛੁਡਾਉਣ ਵੇਲੇ ਮਜ਼ਾਕ ਕਰਨ ਵਿਚ ਵੇਖਿਆ ਜਾਂਦਾ ਹੈ (ਉਤਪਤ 4:8; 21:9)। ਇਸੇ ਤਰ੍ਹਾਂ ਜਦ ਯਾਕੂਬ ਨੇ ਆਪਣੇ ਜੁੜਵਾਂ ਭਰਾ ਨੂੰ ਧੋਖਾ ਦਿੱਤਾ ਸੀ ਤਾਂ ਹੈਰਾਨੀ ਦੀ ਗੱਲ ਨਹੀਂ ਕਿ ''ਇਸਾਓ ਨੇ ਯਾਕੂਬ ਨਾਲ ਵੈਰ ਰੱਖਿਆ'' (ਉਤਪਤ 27:41) ਅਤੇ ਉਸ ਦੇ ਕਤਲ ਦੀਆਂ ਸਾਜ਼ਿਸ਼ਾਂ ਰਚੀਆਂ। ਭਾਈਆਂ ਵਿਚ ਝਗੜਾ ਕਰਾਉਣ ਵਾਲਾ ਖ਼ੁਦਾ ਦੀ ਨਜ਼ਰ ਵਿਚ ਘਿਣਾਉਣਾ ਹੈ (ਵੇਖੋ ਕਹਾਉਤਾਂ 6:16–19)। ਇਨ੍ਹਾਂ ਚਿਤਾਵਨੀਆਂ ਅਤੇ ਉਦਾਹਰਣਾਂ ਦੇ ਬਾਵਜੂਦ ਅਜਿਹੇ ਭਾਈ ਅਤੇ ਭੈਣਾਂ ਹਨ ਜਿਹੜੇ ''ਇਕ ਦੂਏ ਨੂੰ ਚੱਕੀ ਚੱਕੀ ਪਾੜ ਖਾਂਦੇ'' ਹਨ ਅਤੇ ''ਝੂਠੇ ਭਰਾ'' ਵੀ ਹੁੰਦੇ ਹਨ (ਗਲਾਤੀਆਂ 5:15; 2:4)।

### ਅਲਹਿਦਾ ਰਹਿਣਾ ਸ਼ਾਂਤੀ ਭਰਿਆ ਹੋ ਸਕਦਾ ਹੈ

ਜਿਵੇਂ ਇਕੱਠੇ ਰਹਿਣਾ ਜ਼ਰੂਰੀ ਹੈ ਉਵੇਂ ਹੀ ਵੱਖਰੇ ਰਹਿਣਾ ਵੀ ਮਾੜਾ ਹੈ, ਬਿੱਲੀ ਕੁੱਤੇ ਵਾਂਗ ਇਕ ਦੂਜੇ ਨੂੰ ਵੱਢਦੇ ਅਤੇ ਖਾਂਦੇ ਰਹਿਣ ਨਾਲ ਦੋਹਾਂ ਭਾਈਆਂ ਦੀਆਂ ਜਾਨਾਂ ਦਾ ਨੁਕਸਾਨ ਹੋਵੇਗਾ। ਸਮਝਦਾਰ ਅਬਰਾਹਾਮ ਨੇ ਇਹ ਜਾਣ ਕੇ ਕਿ ਲੂਤ ਦੇ ਲੋਕਾਂ ਨਾਲ ਇਕੱਠੇ ਰਹਿਣ ਨਾਲ ਕੀ ਹੋਣ ਵਾਲਾ ਹੈ, ਭਾਈਚਾਰੇ ਨਾਲ ਅੱਡ ਹੋਣ ਦੀ ਸਲਾਹ ਦਿੱਤੀ ਸੀ। ਉਹਨੂੰ ਪਤਾ ਸੀ ਕਿ ਕਿਸੇ ਵੀ ਹਾਲਤ ਵਿਚ ਉਨ੍ਹਾਂ ਵਿਚ ਝਗੜਾ ਨਹੀਂ ਹੋਣਾ ਚਾਹੀਦਾ, ''ਕਿਉਂ ਜੋ ਅਸੀਂ ਭਰਾ ਹਾਂ'' (ਉਤਪਤ 13:8)। ਅੱਡੋ ਅੱਡ ਰਹਿਣਾ ਕੋਈ ਆਦਰਸ਼ ਹਾਲਤ ਨਹੀਂ ਸੀ, ਪਰ ਦੋਹਾਂ ਬੁਰਾਈਆਂ ਵਿੱਚੋਂ ਇਹ ਘੱਟ ਮਾੜੀ ਸੀ, ਅਤੇ ਅਬਰਾਹਾਮ ਨੇ ਇਸ ਦਾ ਫ਼ਾਇਦਾ ਲਿਆ।

ਜਦ ਪੌਲੁਸ ਅਤੇ ਬਰਨਾਬਾਸ ਵਿਚ ''ਵਿਗਾੜ ਹੋਇਆ'' (ਰਸੂਲਾਂ ਦੇ ਕੰਮ 15:39), ਜਿਸ ਵਿਚ ਇਨ੍ਹਾਂ ਦੋ ਚੰਗੇ ਭਾਈਆਂ ਵਿਚ ਸਮਝੌਤਾ ਹੋਣ ਦੀ ਗੁੰਜਾਇਸ਼ ਨਹੀਂ ਸੀ, ਤਾਂ ਅੱਡ ਹੋਣ ਦਾ ਤਰੀਕਾ ਹੀ ਬੇਹਤਰ ਸੀ। ਇਸੇ ਤਰ੍ਹਾਂ ਕਈ ਮੰਡਲੀਆਂ ਵਿਚ ਆਪਸ ਵਿਚ ਝਗੜਾ ਰੱਖਣ ਨਾਲੋਂ ਕਈ ਵਾਰ ਪ੍ਰਭੂ ਦੇ ਕੰਮ ਨੂੰ ਹੋਰ ਬੇਹਤਰ ਢੰਗ ਨਾਲ ਕਰਨ ਲਈ ਅੱਡ ਹੋਣਾ ਹੀ ਠੀਕ ਰਹਿੰਦਾ ਹੈ।

### ਧਾਰਮਿਕਤਾ ਅਲਹਿਦਗੀ ਦੀ ਮੰਗ ਕਰਦੀ ਹੈ

ਉੱਪਰ ਦਿੱਤੀਆਂ ਉਦਾਹਰਣਾਂ ਵਿਚ ਅੱਡ ਹੋਣ ਲਈ ਸਹੀ ਜਾਂ ਗਲਤ ਨਿਯਮ ਨਹੀਂ ਹਨ, ਪਰ ਅਜਿਹੇ ਮਾਮਲੇ ਹਨ ਜਿਨ੍ਹਾਂ ਵਿਚ ਇਕੱਠੇ ਰਹਿਣਾ ਸਹੀ ਨਹੀਂ ਹੁੰਦਾ। ਕੁਰਿੰਥੁਸ ਦੀ ਕਲੀਸੀਆ ਲਈ ਕਿਸੇ ਮੈਂਬਰ ਨੂੰ ਬਾਹਰ ਕੱਢਣਾ ਵਧੀਆ ਦੀ ਗੱਲ ਨਹੀਂ ਸੀ ਪਰ ਸੰਗਤੀ ਵਿੱਚ ਅਜਿਹੇ ਆਦਮੀ ਨੂੰ ਰੱਖਣ ਦੀ ਕੀਮਤ ਇਸ ਨਾਲੋਂ ਵੀ ਵੱਡੀ ਸੀ।

ਪੌਲੁਸ ਨੇ ਯਰੂਸ਼ਲਮ ਦੇ ਯਹੂਦੀ ਮਸੀਹੀ ਲੋਕਾਂ ਤੋਂ ਸੁੰਨਤ ਦੇ ਸਵਾਲ ਤੇ ਏਕਤਾ ਰੱਖਣ ਦੀ ਇੱਛਾ ਕੀਤੀ (1 ਕੁਰਿੰਥੀਆਂ 5:13)। ਉਸ ਨੇ ਹਮੇਸ਼ਾ ਸਭ ਲੋਕਾਂ ਲਈ ਸਭ ਕੁਝ ਬਣਨ ਦੀ ਕੋਸ਼ਿਸ਼ ਕੀਤੀ (1 ਕੁਰਿੰਥੀਆਂ 9:22)। ਪਰ ਇਸ ਦਾ ਮਤਲਬ ਇਹ ਹੋਇਆ ਕਿ ਇਕ ਗੈਰ ਕੌਮ ਮਸੀਹੀ ਨੂੰ ਸੁੰਨਤ ਲਈ ਮਜਬੂਰ ਕੀਤਾ ਜਾਣ ਤੇ ਪੌਲੁਸ ਨੂੰ ਲੱਗਾ ਕਿ ਏਕਤਾ ਦੀ ਇਹ ਕੀਮਤ ਕੁਝ ਜ਼ਿਆਦਾ ਹੀ ਵੱਧ ਹੈ। ਪੌਲੁਸ ਨੇ ਭਾਈਆਂ ਦੀ ਇਹ ਗੱਲ ਠੁਕਰਾ ਦਿੱਤੀ। ''ਇਕ ਘੜੀ ਵੀ ਅਧੀਨ ਹੋ ਕੇ ਉਨ੍ਹਾਂ ਦੇ ਵੱਸ ਵਿਚ ਨਾ ਆਇਆ ... ਭਈ ਖੁਸ਼ਖ਼ਬਰੀ ਦੀ ਸਚਿਆਈ ... ਬਣੀ ਰਹੇ'' (ਗਲਾਤੀਆਂ 2:5)। ਜਦ ਜਦ ਭਾਈ ਏਕਤਾ ਦੇ ਨਾਂਅ ਤੇ ਇਹ ਮੰਗ ਕਰਦੇ ਕਿ ਕੋਈ ਬਾਈਬਲ ਕਲਾਸ ਨਹੀਂ ਹੋਣੀ ਜ਼ਰੂਰੀ ਹੈ, ਕਲੀਸੀਆ ਦੀ ਮਦਦ ਤੇ ਨਿਰਭਰ ਕੋਈ ਅਨਾਥ ਆਸ਼ਰਮ ਨਹੀਂ ਹੋਣਾ ਚਾਹੀਦਾ, ਕਲੀਸੀਆ ਵਿਚ ਕੋਈ ਸਹਿਯੋਗ ਨਹੀਂ ਹੋਣਾ ਚਾਹੀਦਾ, ਤਾਂ ਉਹ ਇਨਸਾਨੀ ਨਿਯਮ ਬਣਾਉਣ ਵਾਲੇ ਲੋਕ ਬਣ ਗਏ ਹਨ। ਜੋ ਲੋਕ ਮੰਨਦੇ ਹਨ ਕਿ ਕਲੀਸੀਆ ਆਪਣੀ ਅਜ਼ਾਦੀ ਵਿਚ ਬਣੀ ਰਹੇ (ਵੇਖੋ ਗਲਾਤੀਆਂ 5:1), ਫੁੱਟ ਹੋਣ ਦੇ ਬਾਵਜੂਦ ਉਹ ਬਾਈਬਲ ਕਲਾਸਾਂ, ਅਨਾਥ ਆਸ਼ਰਮਾਂ ਅਤੇ

ਇਕ ਵੱਡੇ ਕਾਰਜ ਲਈ ਕਲੀਸੀਆ ਦਾ ਸਹਿਯੋਗ ਕਰਨ ਤੋਂ ਨਹੀਂ ਰੁਕਣਗੇ।

ਇਸੇ ਤਰ੍ਹਾਂ ਝੂਠੀ ਸਿੱਖਿਆ ਦੇ ਸਬੰਧ ਵਿਚ, ਹਰ ਕਿਸੇ ਨੂੰ ਫ਼ੈਸਲਾ ਲੈਣਾ ਚਾਹੀਦਾ ਹੈ ਕਿ ਕਿੱਥੋਂ ਤਕ ਸਹਿਣਾ ਸਹੀ ਹੈ। ਬਾਈਬਲ ਮੁਤਾਬਿਕ ਕਈ ਵਾਰ ਅਜਿਹਾ ਸਮਾਂ ਆਉਂਦਾ ਹੈ ਜਦ ਮਨੁੱਖਾਂ ਦੀ ਨਹੀਂ ਬਲਕਿ ਖ਼ੁਦਾ ਦੀ ਗੱਲ ਮੰਨੀ ਜਾਣੀ ਜ਼ਰੂਰੀ ਹੁੰਦੀ ਹੈ: ''ਹੁਣ ਹੇ ਭਰਾਵੋ, ਮੈਂ ਤੁਹਾਡੇ ਅੱਗੇ ਅਰਦਾਸ ਕਰਦਾ ਹਾਂ ਭਈ ਤੁਸੀਂ ਉਨ੍ਹਾਂ ਦੀ ਤਾੜ ਰੱਖੋ ਜਿਹੜਾ ਉਸ ਸਿੱਖਿਆ ਦੇ ਵਿਰੁੱਧ ਜੋ ਤੁਹਾਨੂੰ ਮਿਲੀ ਹੈ ਫੁੱਟ ਪਾਉਂਦੇ ਅਤੇ ਠੋਕਰ ਖੁਆਉਂਦੇ ਹਨ ਅਤੇ ਉਨ੍ਹਾਂ ਤੋਂ ਲਾਂਭੇ ਰਹੋ'' (ਰੋਮੀਆਂ 16:17)।

## ਸਾਨੂੰ ''ਪ੍ਰਚਾਰਕਾਂ ਦੇ ਮਗਰ ਲੱਗਣ'' ਤੋਂ ਬਚਣਾ ਚਾਹੀਦਾ ਹੈ

1 ਕੁਰਿੰਥੀਆਂ ਦਾ ਸੰਦੇਸ਼ ਸਾਫ਼ ਸੀ ਕਿ ਉਸ ਸ਼ਹਿਰ ਵਿਚ ਖ਼ੁਦਾ ਦੇ ਲੋਕ ਬੁਰੀ ਤਰ੍ਹਾਂ ਨਾਲ ''ਪ੍ਰਚਾਰਕਾਂ ਦੇ ਪੈਰੋਕਾਰ'' ਬਣ ਗਏ ਸਨ। ''ਮੇਰਾ ਕਹਿਣਾ ਇਹ ਹੈ ਜੋ ਤੁਹਾਡੇ ਵਿੱਚੋਂ ਹਰੇਕ ਆਖਦਾ ਹੈ ਭਈ 'ਮੈਂ ਪੌਲੁਸ ਦਾ' ਯਾ 'ਮੈਂ ਅਪੁੱਲੋਸ ਦਾ' ਯਾ 'ਮੈਂ ਕੇਫਾਸ ਦਾ' ਯਾ 'ਮੈਂ ਮਸੀਹ ਦਾ' ਹਾਂ'' (1 ਕੁਰਿੰਥੀਆਂ 1:12)।

ਬੇਸ਼ੱਕ ''ਪ੍ਰਚਾਰਕਾਂ ਦੇ ਪੈਰੋਕਾਰ ਹੋਣਾ ਪਾਪ'' ਹੈ ਪਰ ਇਸ ਨਾਲ ਪ੍ਰਚਾਰਕਾਂ ਦਾ ਮਹੱਤਵ ਘੱਟ ਨਹੀਂ ਹੋ ਜਾਂਦਾ। ਪਾਪੀਆਂ ਨੂੰ ਉਨ੍ਹਾਂ ਦੇ ਮੁਕਤੀਦਾਤੇ ਤਕ ਲਿਆਉਣ ਲਈ ਕੜੀ ਦੇ ਰੂਪ ਵਿਚ, ਉਹ ਸੁਰਗ ਦੀ ਯੋਜਨਾ ਦਾ ਹਿੱਸਾ ਹਨ (ਰੋਮੀਆਂ 10:13–15)। ਫਿਰ ਵੀ ਪ੍ਰਚਾਰਕ ਆਪਣੇ ਆਪ ਵਿਚ ਕੁਝ ਨਹੀਂ ਹਨ। ਆਪਣੇ ਤੌਰ ਤੇ ਉਹ ਕਿਸੇ ਉੱਤੇ ਕਿਰਪਾ ਨਹੀਂ ਕਰ ਸਕਦੇ। ਪੌਲੁਸ ਨੇ ਲਿਖਿਆ:

> ਅਪੁੱਲੋਸ ਕੀ ਹੈ? ਅਤੇ ਪੌਲੁਸ ਕੀ ਹੈ? ਨਿਰੇ ਸੇਵਕ ਜਿਨ੍ਹਾਂ ਦੇ ਵਸੀਲੇ ਨਾਲ ਤੁਸਾਂ ਨਿਹਚਾ ਕੀਤੀ, ਜਿਵੇਂ ਪ੍ਰਭੂ ਨੇ ਹਰੇਕ ਨੂੰ ਦਾਨ ਦਿੱਤਾ। ਮੈਂ ਤਾਂ ਬੂਟਾ ਲਾਇਆ ਅਤੇ ਅਪੁੱਲੋਸ ਨੇ ਸਿੰਜਿਆ ਪਰ ਪਰਮੇਸ਼ੁਰ ਨੇ ਵਧਾਇਆ। ਸੋ ਨਾ ਤਾਂ ਲਾਉਣ ਵਾਲਾ ਕੁਝ ਹੈ, ਨਾ ਸਿੰਜਣ ਵਾਲਾ ਪਰੰਤੂ ਪਰਮੇਸ਼ੁਰ ਜੋ ਵਧਾਉਣ ਵਾਲਾ ਹੈ (1 ਕੁਰਿੰਥੀਆਂ 3:5–7)।

ਸਦੀਆਂ ਤੋਂ ਬੜੇ ਬੜੇ ਪ੍ਰਚਾਰਕਾਂ ਰਾਹੀਂ ਭੋਲੇ ਭਾਲੇ ਲੋਕਾਂ ਨੂੰ ਮਸੀਹ ਦੀ ਬਜਾਇ ਮਨੁੱਖਾਂ ਵੱਲ ਖਿੱਚਿਆ ਜਾਂਦਾ ਰਿਹਾ ਹੈ।

## ਸਾਰ

ਮਸੀਹੀ ਹੋਣ ਨਾਤੇ ਸਾਡੀ ਵਫ਼ਾਦਾਰੀ ਕਿਸੇ ਪ੍ਰਚਾਰ ਜਾਂ ਕਿਸੇ ਅਜਿਹੇ ਆਗੂ ਤੇ ਨਹੀਂ ਹੋਣੀ ਚਾਹੀਦੀ, ਜਿਸ ਦੀ ਅਸੀਂ ਤਾਰੀਫ਼ ਕਰਦੇ ਹਾਂ, ਬਲਕਿ ਸਿਰਫ਼ ਮਸੀਹ ਉੱਤੇ ਹੋਣੀ ਚਾਹੀਦੀ ਹੈ। ਨਵੇਂ ਨੇਮ ਵਿਚ ਯਿਸੂ ਤੇ ਕੇਂਦਰਿਤ ਏਕਤਾ ਦਾ ਮਾਪਦੰਡ ਸਿਰਫ਼ ਰਸੂਲਾਂ ਦੀ ਸਿੱਖਿਆ ਵਿਚ ਮਿਲਦਾ ਹੈ (ਰਸੂਲਾਂ ਦੇ ਕੰਮ 2:42)। ਇਸ ਵਿਚ ਸਾਨੂੰ ਸਮਝ ਆਉਂਦਾ ਹੈ ਕਿ ਧਰਮ ਵਿਚ ਸੱਚ ਕੀ ਹੈ ਅਤੇ ਝੂਠ ਦੀ ਆਤਮਾ ਕੀ ਹੈ (1 ਯੂਹੰਨਾ 4:6)। ''ਵਿਸ਼ਵਾਸ ਦੀ ਏਕਤਾ'' ਸਿਰਫ਼ ਨਵੇਂ ਨੇਮ ਵਿਚ ਹੀ ਸੰਭਵ ਹੈ (ਅਫ਼ਸੀਆਂ 4:13)। ਸਾਨੂੰ ਮਸੀਹ ਉੱਤੇ ਜੋ ''ਰਾਹ ਅਤੇ ਸਚਿਆਈ ਅਤੇ ਜੀਉਣ'' ਹੈ ਧਿਆਨ ਲਾਉਣਾ ਚਾਹੀਦਾ ਹੈ (ਯੂਹੰਨਾ 14:6)। ਵਿਹਾਰਕ ਤੌਰ ਤੇ ਉਸ ਇੱਛਾ ਨੂੰ ਪੂਰਾ ਕਰਨ ਲਈ ਸਾਨੂੰ ''ਖੁਸ਼ਖਬਰੀ ਦੀ ਸਚਿਆਈ ਦੇ ਵਚਨ'' ਨੂੰ ਵਧਾਉਣਾ ਜ਼ਰੂਰੀ ਹੈ (ਕੁਲੁੱਸੀਆਂ 1:5)।